# India announces US$ 200,000 immediate relief assistance to Tonga in the wake of tsunami

January 25, 2022

.................................

## ਸੁਨਾਮੀ ਦੇ ਮੱਦੇਨਜ਼ਰ ਟੋਂਗਾ ਨੂੰ ਭਾਰਤ ਨੇ 200,000 ਅਮਰੀਕੀ ਡਾਲਰ ਦੀ ਫੌਰੀ ਮਦਦ ਐਲਾਨੀ

**25 ਜਨਵਰੀ, 2022**

1. 15 ਜਨਵਰੀ, 2022 ਨੂੰ ਟੋਂਗਾ ਰਾਜ' ਚ ਆਏ ਇੱਕ ਸੁਨਾਮੀ ਕਾਰਨ ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਪ੍ਰਭਾਵਿਤ ਹੋਇਆ ਅਤੇ ਮਹੱਤਵਪੂਰਨ ਬੁਨਿਆਦੀ ਢਾਂਚੇ ਦਾ ਨੁਕਸਾਨ ਹੋਇਆ।

2. ਇਸ ਵੱਡੀ ਆਫ਼ਤ ਕਾਰਨ ਹੋਏ ਨੁਕਸਾਨ ਅਤੇ ਤਬਾਹੀ ਉੱਤੇ ਭਾਰਤ ਟੋਂਗਾ ਸਰਕਾਰ ਅਤੇ ਇਥੋਂ ਦੇ ਲੋਕਾਂ ਪ੍ਰਤੀ ਡੂੰਘੀ ਹਮਦਰਦੀ ਦਾ ਇਜ਼ਹਾਰ ਕਰਦਾ ਹੈ।

3. ਕਰੀਬੀ ਦੋਸਤ ਅਤੇ ਫੋਰਮ ਫਾਰ ਇੰਡੀਆ-ਪੈਸੀਫਿਕ ਆਈਲੈਂਡਸ ਕੋਆਪ੍ਰੇਸ਼ਨ (FIPIC) ਦੇ ਅਧੀਨ ਸਹਿਭਾਗੀ ਹੋਣ ਵਜੋਂ ਅਤੇ ਟੋਂਗਾ ਦੇ ਦੋਸਤਾਨਾ ਲੋਕਾਂ ਨਾਲ ਏਕੇ ਦੇ ਪ੍ਰਤੀਕ ਵਜੋਂ ਭਾਰਤ ਸਰਕਾਰ ਟੋਂਗਾ ਵਿੱਚ ਰਾਹਤ, ਪੁਨਰ ਨਿਰਮਾਣ ਅਤੇ ਮੁੜ ਵਸੇਵੇਂ ਦੇ ਯਤਨਾਂ ਲਈ 200,000 ਅਮਰੀਕੀ ਡਾਲਰ ਦੀ ਫੌਰੀ ਮਦਦ ਦੇਣ ਦਾ ਐਲਾਨ ਕਰਦੀ ਹੈ।

4. ਕੁਦਰਤੀ ਆਫ਼ਤਾਂ ਕਾਰਨ ਆਏ ਸੰਕਟ ਅਤੇ ਤਬਾਹੀ ਦੇ ਸਮੇਂ, ਜਿਵੇਂ 2018 ਵਿੱਚ ਆਏ ਚੱਕਰਵਾਤ ਗੀਤਾ ਦੌਰਾਨ, ਭਾਰਤ ਟੋਂਗਾ ਨਾਲ ਇੱਕਜੁੱਟ ਖੜ੍ਹਾ ਰਿਹਾ ਹੈ। ਨਵੰਬਰ 2019 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਜੋਂ ਐਲਾਨੇ ਗਏ ਅਨੁਸਾਰ ਆਫ਼ਤ ਜੋਖਮ ਘਟਾਉਣਾ ਅਤੇ ਪ੍ਰਬੰਧਨ ਭਾਰਤ ਦੀ ਭਾਰਤ- ਪ੍ਰਸ਼ਾਂਤ ਸਮੁੰਦਰੀ ਪਹਿਲ (IPOI) ਦਾ ਮਹੱਤਵਪੂਰਨ ਥੰਮ ਹੈ।

ਨਵੀਂ ਦਿੱਲੀ
25 ਜਨਵਰੀ, 2022

DISCLAIMER: This is an approximate translation. The original is available in English on MEA's website and may be referred to as the official press release.